ਰਜਿਸਟਰਡ

ਡਾਇਰੈਕਟੋਰੇਟ, ਸਿਹਤ ਸੇਵਾਵਾ (ਪਰਿਵਾਰ ਭਲਾਈ), ਪੰਜਾਬ।

(ਅਮਲਾ-10 ਸ਼ਾਖਾ)

ਸੇਵਾ ਵਿੱਖੇ,

ਵਾਇਸ ਚਾਂਸਲਰ,
ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼,
ਸਾਦਿਕ ਰੋਡ ਫਰੀਦਕੋਟ (ਪੰਜਾਬ),
ਫੈਕਸ 01639-256234

ਮੀਮੋ ਨੰ: ਈ10(2)ਪੀ:-2016/ 3547
ਮਿਤੀ, ਚੰਡੀਗੜ੍ਹ:- 24/11/16

ਵਿਸ਼ਾ:- ਮਲਟੀਪਰਪਜ਼ ਹੈਲਥ ਵਰਕਰ (ਮੇਲ) ਦੀਆਂ 1263 ਅਸਾਮੀਆਂ ਭਰਨ ਸਬੰਧੀ।

0-0-0-0-0

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

ਪੰਜਾਬ ਸਰਕਾਰ ਵੱਲੋ ਮਲਟੀਪਰਪਜ਼ ਹੈਲਥ ਵਰਕਰ (ਮੇਲ) ਦੀਆਂ 1263 ਅਸਾਮੀਆਂ ਭਰਨ ਲਈ ਮੀਮੋ ਨੰ:ਈ-723/9/178/15-1ਸਿ6/748251/1, ਮਿਤੀ 6-5-16 ਰਾਂਹੀ ਮੰਤਰੀ ਮੰਡਲ ਦੀ ਪ੍ਰਾਪਤ ਹੋਈ ਪ੍ਰਵਾਨਗੀ ਦੇ ਸਨਮੁੱਖ ਮਲਟੀਪਰਪਜ਼ ਹੈਲਥ ਵਰਕਰ (ਮੇਲ) ਦੀਆਂ 1263 ਅਸਾਮੀਆਂ ਤਨਖਾਹ ਸਕੇਲ 10300-34800 ਗ੍ਰੇਡ ਪੇ 3200 ਵਿੱਚ ਮੰਨਜ਼ੂਰਸ਼ੁਦਾ ਅਸਾਮੀਆਂ ਭਰਨ ਲਈ ਯੋਗ ਉਮੀਦਵਾਰਾਂ ਜੋ ਯੋਗਤਾਵਾਂ ਪੂਰੀਆਂ ਕਰਦੇ ਹੋਣ ਦੀ ਲਿਖਤੀ ਪ੍ਰੀਖਿਆ ਲੈ ਕੇ ਬਿਨ੍ਹਾਂ ਇੰਟਰਵਿਉ ਲਏ ਯੋਗ ਉਮੀਦਵਾਰਾਂ ਦੀ ਕੈਟਾਗਰੀਵਾਈਜ਼ ਮੈਰਿਟ ਲਿਸਟ ਤਿਆਰ ਕਰਕੇ ਇਸ ਦਫਤਰ ਨੂੰ ਮਿਤੀ15-12-16 ਤੱਕ ਭੇਜੀ ਜਾਵੇ।

ਇਸ ਅਸਾਮੀ ਤੇ ਨਿਯੁਕਤੀ ਲਈ ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਪੰਜਾਬ ਦੇ ਨੋਟਿਫਿਕੇਸ਼ਨ ਨੰਬਰ **G.S.R.75/Const./Art.309/2016** ਮਿਤੀ 2-11-2016 ਅਨੁਸਾਰ ਹੇਠ ਲਿਖੀਆਂ ਯੋਗਤਾਵਾਂ ਲਾਜ਼ਮੀ ਹਨ:-

1. **Should have passed the Senior Secondary Part II Examination with Science or its equivalent from a recognized university or institute.**
2. **Should possess a diploma in Multipurpose Health Worker (Male) from a recognized university or institution.**

Provided that the person, who have passed the matriculation examination with science or its equivalent from recognized university and possessed a diploma in Multipurpose Health Worker (Male) from a recognized university or institution on or before the date of publication of these rules shall be eligible for this post.

ਇਹਨਾ 1263 ਅਸਾਮੀਆਂ ਨੂੰ ਭਰਨ ਲਈ ਕੈਟਾਗਰੀਵਾਈਜ਼ ਸੂਚੀ ਹੇਠ ਲਿਖੇ ਅਨੁਸਾਰ ਹੈ:-

1. ਜਰਨਲ	631
2. ਅਨੁਸੂਚਿਤ ਜਾਤੀ	253
3. ਪਛੜੀ ਸ਼੍ਰੇਣੀ	126
4. ਸਾਬਕਾ ਫੌਜੀ	89
5. ਸਾਬਕਾ ਫੌਜੀ (ਅ.ਜ)	50
6. ਸਾਬਕਾ ਫੌਜੀ (ਪਛੜੀ ਸ਼੍ਰੇਣੀ)	25
7. ਖਿਡਾਰੀ	25

8. ਅੰਗਹੀਣ	13
9. ਖਿਡਾਰੀ (ਅ.ਜ)	13
10. ਫਰੀਡਮ ਫਾਈਟਰ	1263
(ਕੁੱਲ ਜੋੜ)	

ਉਕਤ ਦਰਸਾਈਆਂ 1263 ਅਸਾਮੀਆਂ ਭਰਨ ਲਈ ਸਰਤਾ ਹੇਠ ਲਿਖੇ ਅਨੁਸਾਰ ਹਨ:-

1. ਬਿਨੈਕਾਰ ਪੰਜਾਬ ਰਾਜ ਦੇ ਵਸਨੀਕ ਹੋਣਾ ਚਾਹੀਦਾ ਹੈ। ਬਿਨੇਕਾਰ ਨੂੰ ਆਪਣੀ ਪ੍ਰਤੀਬੇਨਤੀ ਨਾਲ ਆਪਣੇ ਰਿਹਾਇਸ਼ੀ ਸਰਟੀਫੀਕੇਟ ਦੀ ਨਕਲ ਲਗਾਉਣੀ ਲਾਜ਼ਮੀ ਹੋਵੇਗੀ ਜੋ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੋਣਾ ਲਾਜ਼ਮੀ ਹੈ।

2. ਬਿਨੈਕਾਰ ਦੀ ਉਮਰ ਪੰਜਾਬ ਸਰਕਾਰ ਦੀਆ ਹਦਾਇਤਾਂ/ਰੂਲ 1994 ਅਨੁਸਾਰ 1 ਜਨਵਰੀ 2016 ਨੂੰ 18 ਤੋ 37 ਸਾਲ ਦਰਮਿਆਨ ਹੋਵੇ, ਐਸ.ਸੀ. ਜਾ ਦੂਜੀਆਂ ਰਾਖਵੀਆਂ ਸ਼੍ਰੇਣੀਆਂ ਦੇ ਮਾਮਲੇ ਵਿੱਚ ਪੰਜਾਬ ਸਰਕਾਰ ਵੱਲੋ ਸਮੇ-ਸਮੇ ਸਿਰ ਜ਼ਾਰੀ ਉਮਰ ਦੀ ਛੋਟ ਸਬੰਧੀ ਹਦਾਇਤਾਂ ਲਾਗੂ ਹੋਣਗੀਆ।

3. ਬਿਨੈਕਾਰ ਮੈਟ੍ਰਿਕ ਪੱਧਰ ਤੇ ਪੰਜਾਬੀ ਦੀ ਪ੍ਰੀਖਿਆ ਪਾਸ ਹੋਣਾ ਲਾਜਮੀ ਹੈ।

4. ਰਾਖਵੀ ਸ਼੍ਰੇਣੀ ਲਈ ਪ੍ਰਾਪਤ ਹੋਏ ਬਿਨੇ ਪੱਤਰਾਂ ਨਾਲ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਾਖਵੀ ਸ਼੍ਰੇਣੀ ਦਾ ਸਰਟੀਫੀਕੇਟ ਹੋਣਾ ਜਰੂਰੀ ਹੈ। ਇਹ ਸਰਟੀਫੀਕੇਟ ਨਾਲ ਨੱਥੀ ਨਾ ਹੋਣ ਦੀ ਸੂਰਤ ਵਿੱਚ ਬਿਨੈਕਾਰ ਦੀ ਅਰਜ਼ੀ ਸਵੀਕਾਰ ਨਹੀ ਕੀਤੀ ਜਾਵੇਗੀ। ਹਰੇਕ ਰਾਖਵੀ ਆਸਾਮੀ ਲਈ ਸਬੰਧਤ ਰਾਖਵੀ ਸ਼੍ਰੇਣੀ ਦਾ ਸਰਟੀਫਿਕੇਟ ਸਮਰੱਥ ਅਧਿਕਾਰੀ ਪਾਸੋ ਬਣਿਆ ਹੋਣਾ ਜ਼ਰੂਰੀ ਹੈ।

5. ਰਾਖਵਾਂਕਰਨ ਦੀ ਨੀਤੀ ਸਰਕਾਰ ਦੀ ਮੌਜੂਦਾ ਨੀਤੀ ਅਨੁਸਾਰ ਹੋਵੇਗੀ।

6. ਯੋਗ ਉਮੀਦਵਾਰਾਂ ਦਾ ਨਤੀਜਾ ਪ੍ਰਾਪਤ ਹੋਣ ਉਪਰੰਤ ਬਿਨੇਕਾਰ ਨੂੰ ਦਸਤਾਵੇਜ਼ ਚੈਕ ਕਰਨ ਲਈ ਬੁਲਾਇਆ ਜਾਵੇਗਾ ਜਿਸ ਦੀ ਸੂਚਨਾ ਵਿਭਾਗ ਦੀ ਵੈਬਸਾਇਟ (**www.pbhealth.gov.in**) ਤੇ ਪਾਈ ਜਾਵੇਗੀ। ਇਸ ਸਬੰਧੀ ਉਮੀਦਵਾਰਾਂ ਨੂੰ ਵੱਖਰੇ ਤੌਰ ਤੇ ਪੱਤਰ ਵਿਹਾਰ ਨਹੀ ਕੀਤਾ ਜਾਵੇਗਾ।

7. ਅਸਾਮੀਆਂ ਦੀ ਗਿਣਤੀ ਵਧਾਈ ਜਾਂ ਘਟਾਈ ਵੀ ਜਾ ਸਕਦੀ ਹੈ।

8. ਉਮੀਦਵਾਰਾਂ ਦੇ ਸਰਟੀਫੀਕੇਟ/ਦਸਤਾਵੇਜ਼ ਜੋ ਐਡਵਰਟਾਈਜ਼ਮੈਟ ਹੋਣ ਦੀ ਮਿਤੀ ਤੱਕ ਜਾਂ ਉਸ ਤੋ ਪਹਿਲਾਂ ਜ਼ਾਰੀ ਕੀਤੇ ਹੋਣੇ ਚਾਹੀਦੇ ਹਨ। ਇਸ਼ਤਿਹਾਰ ਛਾਪਣ ਦੀ ਮਿਤੀ ਤੋ ਬਾਦ ਜਾਰੀ ਹੋਇਆ ਕੋਈ ਵੀ ਦਸਤਾਵੇਜ/ਸਰਟੀਫੀਕੇਟ ਵਿਚਾਰਿਆ ਨਹੀ ਜਾਵੇਗਾ।

9. ਜੇਕਰ ਕੋਈ ਉਮੀਦਵਾਰ ਲਿਖਤੀ ਪ੍ਰੀਖਿਆ ਵਿੱਚ ਬਰਾਬਰ ਅੰਕ ਹਾਸਲ ਕਰਦਾ ਹੈ ਤਾਂ ਉਸ ਦੀ ਮੈਰਿਟ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਉਸ ਦੀ ਜਨਮ ਮਿਤੀ ਅਨੁਸਾਰ (ਭਾਵ ਉਮਰ ਵਿੱਚ ਵੱਡਾ ਉਮੀਦਵਾਰ ਸੀਨੀਅਰ ਹੋਵੇਗਾ) ਉਮਰ ਨੂੰ ਮੁੱਖ ਰੱਖ ਕੇ ਤਿਆਰ ਕਰਕੇ ਭੇਜੀ ਜਾਵੇ।

ਡਾਇਰੈਕਟਰ, ਸਿਹਤ ਸੇਵਾਵਾ (ਪ.ਭ),ਪੰ:

ਪਿੱਠ ਅੰਕਣ ਨੰ:ਈ10(2)-ਪੰ:-16/3548 ਮਿਤੀ ਚੰਡੀਗੜ੍ਹ 24/11/16

ਉਤਾਰਾ ਪ੍ਰਿਸੀਪਲ, ਸਕੱਤਰ ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ (ਸਿਹਤ-5 ਸ਼ਾਖਾ), ਚੰਡੀਗੜ੍ਹ ਨੂੰ ਲੋੜੀਦੀ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ, ਸਿਹਤ ਸੇਵਾਵਾ (ਪ.ਭ),ਪੰ: